# ਆਕਾਸ਼ਵਾਣੀ ਜਲੰਧਰ

# ਪ੍ਰਾਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ :19-05-2026**

ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਅੱਜ ਲਗਭਗ 90 ਪੈਸੇ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਏ , ਜੋ ਕਿ ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਦੂਜਾ ਵਾਧਾ ਏ। ਦਿੱਲੀ ਵਿੱਚ, ਪੈਟਰੋਲ ਦੀ ਕੀਮਤ ਹੁਣ 98.ਰੁਪਏ 64 ਪੈਸੇ ਪ੍ਰਤੀ ਲੀਟਰ , ਜਦੋਂ ਕਿ ਡੀਜ਼ਲ ਦੀ ਕੀਮਤ 91.ਰੁਪਏ 58 ਪੈਸੇ ਏ। ਮੁੰਬਈ ਵਿੱਚ, ਪੈਟਰੋਲ 107.59 ਅਤੇ ਡੀਜ਼ਲ 94.8 ਪ੍ਰਤੀ ਲੀਟਰ ਵਿਕ ਰਿਹਾ ਏ। ਕੋਲਕਾਤਾ ਵਿੱਚ, ਪੈਟਰੋਲ ਦੀਆਂ ਕੀਮਤਾਂ 109.70 ਅਤੇ ਡੀਜ਼ਲ 96.70 ਦਰਜ ਕੀਤੀਆਂ ਗਈਆਂ, ਜਦੋਂ ਕਿ ਚੇਨਈ ਵਿੱਚ, ਪੈਟਰੋਲ ਦੀ ਕੀਮਤ 104.49 ਅਤੇ ਡੀਜ਼ਲ 96.11 ਪ੍ਰਤੀ ਲੀਟਰ ਏ। ਇਹ ਵਾਧਾ 15 ਮਈ ਨੂੰ 3 ਰੁਪਏ ਪ੍ਰਤੀ ਲੀਟਰ ਵਾਧੇ ਤੋਂ ਕੁਝ ਦਿਨ ਬਾਅਦ ਹੀ ਕੀਤਾ ਗਿਆ ਏ। ਇਹ ਚਾਰ ਸਾਲਾਂ ਤੋਂ ਵੱਧ ਸਮੇਂ ਵਿੱਚ ਈਧਨ ਦੀਆਂ ਕੀਮਤਾਂ ਵਿੱਚ ਪਹਿਲਾ ਬਦਲਾਅ ਸੀ। ਈਰਾਨ ਸੰਘਰਸ਼ ਅਤੇ ਹੋਰਮੂਜ਼ ਪਨ ਜੋੜ ਵਿੱਚ

ਰੁਕਾਵਟ ਦਰਮਿਆਨ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧੇ ਤੋਂ ਬਾਅਦ ਇਹ ਵਾਧਾ ਹੋਇਆ ਏ ।

-------------------------------------------------------

ਪੰਜਾਬ ਰਾਜ ਚੋਣ ਕਮਿਸ਼ਨ ਨੇ 26 ਮਈ ਨੂੰ 8 ਨਗਰ ਨਿਗਮਾਂ ਸਮੇਤ 105 ਸਥਾਨਕ ਇਕਾਈਆਂ ਲਈ ਹੋਣ ਵਾਲੀਆਂ ਆਉਂਦੀਆਂ ਨਗਰ ਨਿਗਮ ਆਮ ਚੋਣਾਂ, 2026 ਲਈ ਦਾਖਲ ਕੀਤੀਆਂ 713 ਨਾਮਜ਼ਦਗੀਆਂ ਰੱਦ ਕਰ ਦਿੱਤੀਆਂ ਨੇ । ਚੋਣ ਕਮਿਸ਼ਨ ਮੁਤਾਬਿਕ , 16 ਮਈ ਦੀ ਆਖਰੀ  ਤਰੀਕ  ਤੱਕ ਕੁੱਲ 10 ਹਜ਼ਾਰ ,809 ਉਮੀਦਵਾਰਾਂ ਨੇ ਆਪਣੀਆਂ ਨਾਮਜ਼ਦਗੀਆਂ ਦਾਖਲ ਕੀਤੀਆਂ ਸਨ। 18 ਮਈ ਨੂੰ ਜਾਂਚ ਤੋਂ ਬਾਅਦ, ਹੁਣ ਚੋਣ ਮੈਦਾਨ ਵਿੱਚ  10 ਹਜ਼ਾਰ 96  ਉਮੀਦਵਾਰ ਨੇ । ਨਗਰ ਨਿਗਮ ਚੋਣਾਂ ਲਈ ਦਾਖਲ ਕੀਤੇ ਗਏ 151 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ ਹਨ, ਨਗਰ ਪ੍ਰੀਸ਼ਦ ਲਈ ਦਾਖਲ ਕੀਤੇ ਗਏ 447 ਅਤੇ ਨਗਰ ਪੰਚਾਇਤਾਂ ਲਈ ਦਾਖਲ ਕੀਤੇ 115 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰਾਂ ਨੂੰ ਚੋਣ ਕਮਿਸ਼ਨ ਨੇ ਰੱਦ ਕਰ ਦਿੱਤਾ ਏ । ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਤਰੀਕ ਅੱਜ 19 ਮਈ ਏ । ਨਤੀਜੇ 29 ਮਈ ਨੂੰ ਐਲਾਨੇ ਜਾਣਗੇ। ਕਮਿਸ਼ਨ ਨੇ ਸਾਰੇ 23 ਜ਼ਿਲ੍ਹਿਆਂ ਵਿੱਚ IAS ਅਤੇ ਸੀਨੀਅਰ PCS ਅਧਿਕਾਰੀਆਂ ਨੂੰ ਜਨਰਲ ਅਬਜ਼ਰਵਰ ਵਜੋਂ ਨਿਯੁਕਤ ਕੀਤਾ ਗਿਆ ਏ ਅਤੇ ਚੋਣਾਂ ਨੂੰ

ਨਿਰਪੱਖ, ਆਜ਼ਾਦ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਾਰੇ ਪ੍ਰਬੰਧ ਕੀਤੇ ਨੇ।

---------------------------------------------------------------

ਸਰਬਉੱਚ ਅਦਾਲਤ ਨੇ ਅੱਜ ਜਨਤਕ ਥਾਵਾਂ 'ਤੇ ਫੜੇ ਗਏ ਅਵਾਰਾ ਕੁੱਤਿਆਂ ਨੂੰ ਟੀਕਾਕਰਨ ਜਾਂ ਨਸਬੰਦੀ ਤੋਂ ਬਾਅਦ ਵਾਪਿਸ ਨਾ ਛੱਡਣ ਦੇ ਆਪਣੇ ਪਹਿਲੇ ਨਿਰਦੇਸ਼ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਵਿਕਰਮ ਨਾਥ ਦੀ ਅਗਵਾਈ ਵਾਲੇ ਬੈਂਚ ਨੇ ਨਵੰਬਰ 2025 ਦੇ ਹੁਕਮ ਵਿੱਚ ਸੋਧ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਅਤੇ ਅਧਿਕਾਰੀਆਂ ਨੂੰ ਅਜਿਹੇ ਕੁੱਤਿਆਂ ਨੂੰ ਸ਼ੈਲਟਰਾਂ ਵਿੱਚ ਰੱਖਣ ਦੇ ਨਿਰਦੇਸ਼ ਦਿੱਤੇ। ਬੱਚਿਆਂ, ਬਜ਼ੁਰਗਾਂ ਅਤੇ ਮੁਸਾਫ਼ਰਾਂ 'ਤੇ ਕੁੱਤਿਆਂ ਦੇ ਹਮਲਿਆਂ ਦੀਆਂ ਬਹੁਤ ਚਿੰਤਾਜਨਕ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ, ਅਦਾਲਤ ਨੇ ਕਿਹਾ ਕਿ ਇਹ ਸਮੱਸਿਆ ਹਵਾਈ ਅੱਡਿਆਂ ਅਤੇ ਰਿਹਾਇਸ਼ੀ ਕਲੋਨੀਆਂ ਸਮੇਤ ਸੰਵੇਦਨਸ਼ੀਲ ਜਨਤਕ ਖੇਤਰਾਂ ਵਿੱਚ ਫੈਲ ਗਈ ਏ। ਬੈਂਚ ਨੇ ਚੇਤਾਵਨੀ ਦਿੱਤੀ ਕਿ ਜੋ ਅਧਿਕਾਰੀ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਨੇ , ਉਨ੍ਹਾਂ ਨੂੰ ਮਾਣਹਾਨੀ ਅਤੇ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਏ।

ਅਦਾਲਤ ਨੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਜਾਨਵਰਾਂ ਦੇ ਜਨਮ ਨਿਯੰਤਰਣ ਕੇਂਦਰ ਸਥਾਪਤ ਕਰਨ, ਰੇਬੀਜ਼ ਵਿਰੋਧੀ ਟੀਕਿਆਂ

ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ ਰੇਬੀਜ਼ ਤੋਂ ਪ੍ਰਭਾਵਿਤ ਜਾਂ ਖਤਰਨਾਕ ਕੁੱਤਿਆਂ ਦੀ ਇੱਛਾ ਮੌਤ ਸਮੇਤ ਕਾਨੂੰਨੀ ਤੌਰ 'ਤੇ ਮਨਜ਼ੂਰ ਉਪਾਅ ਕਰਨ ਦੇ ਨਿਰਦੇਸ਼ ਵੀ ਦਿੱਤੇ, । ਉੱਚ ਅਦਾਲਤਾਂ ਨੂੰ ਆਪਣੇ ਪੱਧਰ ਲਾਏ ਨੋਟਿਸ ਵਾਲੇ ਮਾਮਲਿਆਂ ਰਾਹੀਂ ਪਾਲਣਾ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ ਏ।

------------------------------------------------------------

ਪੰਜਾਬ ਵਿੱਚ ਦੋ ਵੱਖ-ਵੱਖ ਸੜਕ ਹਾਦਸਿਆਂ ਵਿੱਚ, ਇੱਕ ਪੁਲਿਸ ਕਰਮਚਾਰੀ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਏ। ਅੱਜ ਸਵੇਰੇ ਗੁਰਦਾਸਪੁਰ ਵਿੱਚ ਇੱਕ ਹਾਦਸੇ ਵਿੱਚ, ਕਾਰ ਸਵਾਰ ਚਾਰ ਨੌਜਵਾਨਾਂ ਦੀ ਮੌਤ ਹੋ ਗਈ। ਹਾਦਸਾ ਉਸ ਵੇਲੇ ਵਾਪਰਿਆ ਜਦੋਂ ਇਹ ਕਾਰ ਪਠਾਨਕੋਟ ਤੋਂ ਆਉਂਦੇ ਹੋਏ ਇੱਕ ਅਣਪਛਾਤੇ ਭਾਰੀ ਵਾਹਨ ਨਾਲ ਟਕਰਾ ਗਈ। ਚਾਰਾਂ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹੁਸ਼ਿਆਰਪੁਰ ਵਿੱਚ ਇੱਕ ਹੋਰ ਸੜਕ ਹਾਦਸੇ ਵਿੱਚ ਇੱਕ ਪੁਲਿਸ ਕਰਮਚਾਰੀ ਦੀ ਮੌਤ ਹੋ ਗਈ। ਇਹ ਹਾਦਸਾ ਪੁਲਿਸ ਕਰਮਚਾਰੀ ਦੀ ਕਾਰ ਦੇ ਦੂਜੇ ਪਾਸੇ ਤੋਂ ਆ ਰਹੇ ਇੱਕ ਟਰੱਕ ਨਾਲ ਟਕਰਾਉਣ ਕਾਰਨ ਵਾਪਰਿਆ। ਦੋਵਾਂ ਮਾਮਲਿਆਂ ਵਿੱਚ ਅਗਲੇਰੀ ਜਾਂਚ ਜਾਰੀ ਏ।

------------------------------------------------------------

ਪੰਜਾਬ ਅਤੇ ਹਰਿਆਣਾ ਵਿੱਚ ਵੱਧ ਤੋਂ ਵੱਧ ਤਾਪਮਾਨ 40 ਡਿਗਰੀ

ਸੈਲਸੀਅਸ ਤੋਂ ਵੱਧ ਹੋਣ ਕਾਰਨ ਕੱਲ੍ਹ ਤੋਂ ਹੀ ਅੱਤ ਦੀ ਗਰਮੀ ਕਾਰਣ ਲੂ ਵਗ ਰਹੀ ਏ । ਚੰਡੀਗੜ੍ਹ ਸਥਿਤ ਮੌਸਮ ਵਿਭਾਗ ਜਿਸ ਨੇ ਅੱਤ ਦੀ ਗਰਮੀ ਪੈਣ ਬਾਰੇ  ਪਹਿਲਾਂ ਹੀ ਯੇਲੋ ਅਲਰਟ ਜਾਰੀ ਕੀਤਾ ਹੋਇਆ ,ਨੇ ਆਉਣ ਵਾਲੇ 3 ਤੋਂ 4 ਦਿਨਾਂ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ ਹੋਰ ਵਾਧਾ ਹੋਣ ਦੀ ਪੇਸ਼ੀਨਗੋਈ ਕੀਤੀ ਏ। ਮੌਸਮ ਵਿਭਾਗ  ਦੇ ਡਾਇਰੈਕਟਰ ਸੁਰਿੰਦਰ ਪਾਲ ਨੇ ਲੋਕਾਂ ਨੂੰ ਦੁਪਹਿਰ ਦੇ ਸਮੇਂ ਸਾਵਧਾਨੀ ਵਰਤਣ ਦੀ ਸਲਾਹ ਦਿੰਦੇ ਹੋਏ, ਆਕਾਸ਼ਵਾਣੀ ਨੂੰ ਦੱਸਿਆ ਕਿ ਇਨ੍ਹਾਂ ਸੂਬਿਆਂ  ਵਿੱਚ ਤਾਪਮਾਨ ਕਰੀਬ 45 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੀ ਵੱਧ ਹੋਣ ਦੀ ਸੰਭਾਵਨਾ ਏ।

BYTE

ਇਸਦੇ ਨਾਲ- ਨਾਲ ਚੰਡੀਗੜ੍ਹ ਅਤੇ ਇਸਦੇ ਆਲੇ-ਦੁਆਲੇ ਦੇ ਕਸਬਿਆਂ ਪੰਚਕੂਲਾ ਅਤੇ ਮੋਹਾਲੀ ਵਿੱਚ ਵੀ ਵੱਧ ਤੋਂ ਵੱਧ ਤਾਪਮਾਨ ਵਿੱਚ ਵਾਧਾ ਹੋਵੇਗਾ।

---------------------------------------------------